342 / ਅਕਾਦਮਿਕ-185

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਅਕਾਦਮਿਕ ਖੋਜ ਬਰਾਂਚ

ਪੀ-ਐਚ.ਡੀ. ਦੇ ਨਵੇਂ ਨਿਯਮਾਂ ਅਤੇ ਹੋਰ ਸਬੰਧਿਤ ਮਸਲਿਆਂ ਸਬੰਧੀ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕੀਤੀ ਗਈ ਹੇਠ ਲਿਖੀ ਕਮੇਟੀ ਦੀ ਇਕੱਤਰਤਾ ਮਿਤੀ 25.02.2014 ਨੂੰ ਬਾਅਦ ਦੁਪਿਹਰ 3.00 ਵਜੇ ਡੀਨ, ਅਕਾਦਮਿਕ ਮਾਮਲੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਹਾਜ਼ਰ ਸਨ:-

**ਮੈਂਬਰ ਸਾਹਿਬਾਨ**

1) ਡੀਨ ਅਕਾਦਮਿਕ ਮਾਮਲੇ (ਚੇਅਰਮੈਨ)
2) ਡੀਨ ਰਿਸਰਚ
3) ਐਡੀਸ਼ਨਲ ਡੀਨ ਰਿਸਰਚ
4) ਡਾਇਰੈਕਟਰ, ਯੋਜਨਾ ਅਤੇ ਨਿਰੀਖਣ
5) ਰਜਿਸਟਰਾਰ

ਇਕੱਤਰਤਾ ਦੌਰਾਨ ਮੈਂਬਰਾਂ ਵੱਲੋਂ ਪੀਐਚ.ਡੀ. ਨਾਲ ਸਬੰਧਿਤ ਵੱਖ-ਵੱਖ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਰਬ-ਸੰਮਤੀ ਨਾਲ ਹੇਠ ਲਿਖੇ ਅਨੁਸਾਰ ਸਿਫਾਰਿਸ਼ਾਂ ਕੀਤੀਆਂ ਗਈਆਂ:-

1. ਪੀਐਚ.ਡੀ ਦੇ ਹਰੇਕ ਵਿਸ਼ੇ ਵਿੱਚ ਥੀਸਿਜ ਜਮ੍ਹਾਂ ਹੋਣ ਸਮੇਂ ਉਸਦਾ ਪੰਜਾਬੀ ਵਿੱਚ ਸਾਰੰਸ਼ (Abstract) ਸਬਮਿਟ ਕਰਵਾਉਣ ਦੇ ਸੁਝਾਅ ਦਾ ਸਵਾਗੱਤ ਕੀਤਾ ਗਿਆ। ਇਸ ਫੈਸਲੇ ਨੂੰ ਲਾਗੂ ਕਰਨ ਲਈ ਕਮੇਟੀ ਵਲੋਂ ਹੇਠ ਲਿਖੀਆਂ ਗਾਈਡਲਾਈਨਜ਼ ਦੀ ਸਿਫਾਰਿਸ਼ ਕੀਤੀ ਗਈ:-
   - i) ਸਾਰੰਸ਼ ਲਈ ਮੈਟਰ ਪੰਜਾਬੀ ਯੂਨੀਕੋਡ ਫੌਂਟ 12 ਅਤੇ ਸਿੰਗਲ ਸਪੇਸ ਵਿਚ ਦੇਣਾ ਹੋਵੇਗਾ।
   - ii) ਸਾਰੰਸ਼ ਵਿੱਚ ਵਿਦਿਆਰਥੀ ਦਾ ਨਾਮ, ਸਿਰਲੇਖ, ਖੋਜ ਨਿਗਰਾਨ, ਕੋ-ਖੋਜ ਨਿਗਰਾਨ ਦਾ ਨਾਮ, ਫੈਕਲਟੀ, ਵਿਭਾਗ ਦਾ ਨਾਮ ਅਤੇ ਰਜਿਸਟ੍ਰੇਸ਼ਨ ਨੰਬਰ ਆਦਿ ਵੀ ਦੇਣੇ ਹੋਣਗੇ।
   - iii) ਪੰਜਾਬੀ ਵਿਚਲਾ ਸਾਰੰਸ਼ 300-400 ਸ਼ਬਦਾ ਦਾ ਹੋਣਾ ਚਾਹੀਦਾ ਹੈ।
   - iv) ਪੰਜਾਬੀ, ਹਿੰਦੀ ਆਦਿ ਭਾਸ਼ਾਵਾਂ ਵਿਚ ਜਮ੍ਹਾਂ ਹੋਣ ਵਾਲੇ ਥੀਸਿਸ ਦੇ ਸਾਰੰਸ਼ (300-400 ਸ਼ਬਦਾ) ਦਾ ਅੰਗ੍ਰੇਜੀ ਅਨੁਵਾਦ ਵੀ ਜਮ੍ਹਾਂ ਕਰਵਾਉਣ ਦੀ ਸਿਫਾਰਿਸ਼ ਕੀਤੀ ਗਈ।

ਪੀਐਚ.ਡੀ. ਦੇ ਥੀਸਿਸ ਯੂ.ਜੀ.ਸੀ.ਰਾਹੀਂ ਇੰਟਰਨੈਟ ਤੇ ਪਾਉਣੇ ਹੁੰਦੇ ਹਨ, ਇਸ ਲਈ ਹਰ ਵਿਸ਼ੇ ਦੇ ਥੀਸਿਸ ਦੇ ਟਾਈਟਲ ਅੰਗਰੇਜ਼ੀ ਵਿੱਚ ਚਾਹੀਦੇ ਹਨ। ਇਸ ਲਈ ਫੈਸਲਾ ਲਿਆ ਗਿਆ ਕਿ ਜਿਹੜੇ ਟਾਈਟਲ ਪੰਜਾਬੀ, ਹਿੰਦੀ ਆਦਿ ਭਾਸ਼ਾ ਵਿੱਚ ਹਨ, ਦੇ ਅੰਗਰੇਜ਼ੀ ਅਨੁਵਾਦ ਵਿਦਿਆਰਥੀ ਵੱਲੋਂ ਹੀ ਸਿਨਾਪਸਿਸ ਵਿੱਚ ਰਜਿਸਟ੍ਰੇਸ਼ਨ ਸਮੇਂ ਦਿੱਤੇ ਜਾਣਗੇ।

3. ਜੇਕਰ ਪੀਐਚ.ਡੀ. ਖੋਜਾਰਥੀਆਂ ਦੇ ਸੁਪਰਵਾਈਜਰ ਨਿਯਮਾਂ ਅਨੁਸਾਰ ਆਪਣੀ ਪਾਤਰ੍ਤਾ ਪੂਰੀ ਨਹੀ ਕਰਦੇ ਤਾਂ ਉਸ ਅਧਿਆਪਕ ਦੀ ਪਾਤਰਤਾ ਰੱਦ ਕਰਨ ਦਾ ਫੈਸਲਾ ਲਿਆ ਗਿਆ।

4. ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਸਮਰ ਵਕੇਸ਼ਨ ਅਤੇ ਵਿੰਟਰ ਵਕੇਸ਼ਨ (Summar Vacation and Winter Vacation) ਦੌਰਾਨ ਕਰਵਾਏ ਜਾ ਰਹੇ ਪ੍ਰੀ-ਪੀਐਚ.ਡੀ. ਕੋਰਸ ਵਰਕ ਲਗਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ।

5. ਫੈਲੋਸ਼ਿਪ ਲੈਣ ਵਾਲੇ ਖੋਜਾਰਥੀਆਂ ਦੀਆਂ ਅਕਾਦਮਿਕ ਛੁੱਟੀਆਂ ਬਾਰੇ ਵੱਖ-ਵੱਖ ਵਿਭਾਗਾਂ ਵਿਚ ਇਕ ਸਾਰਤਾ ਲਿਆਉਣ ਲਈ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-
   - a) ਜਿਹੜੇ ਖੋਜਾਰਥੀ ਖੋਜ ਦੇ ਕੰਮ, ਲਾਇਬ੍ਰੇਰੀ ਕੰਸਲਟ ਕਰਨ, ਸੈਮੀਨਾਰ/ਕਾਨਫਰੰਸ ਵਿਖੇ ਖੋਜ ਪੱਤਰ ਪੜ੍ਹਨ (ਸਾਲ ਵਿਚ 2 ਵਾਰ), ਵਰਕਸ਼ਾਪ (ਸਾਲ ਵਿਚ ਇਕ ਵਾਰ), ਕਿਸੇ ਵੀ ਹੋਰ ਅਕਾਦਮਿਕ ਕੰਮ ਆਦਿ ਲਈ ਜਾਣਗੇ, ਉਨ੍ਹਾਂ ਨੂੰ ਡਿਊਟੀ ਲੀਵ ਦਿਤੀ ਜਾਵੇਗੀ। ਇਕ ਸਾਲ ਦੌਰਾਨ ਡਿਊਟੀ ਲੀਵ ਵੱਧ ਤੋਂ ਵੱਧ 60 ਦਿਨ ਹੋਵੇਗੀ।
   - b) ਅਜਿਹੇ ਖੋਜਾਰਥੀਆਂ ਵਲੋਂ ਉਪਰੋਕਤ ਕਾਰਜ ਤੇ ਜਾਣ ਲਈ ਛੁੱਟੀ ਦੀ ਪ੍ਰਵਾਨਗੀ ਲੈਣੀ ਜਰੂਰੀ ਹੋਵੇਗੀ। ਦਸ ਦਿਨਾਂ ਤਕ ਦੀ ਡਿਊਟੀ ਲੀਵ ਦੀ ਪ੍ਰਵਾਨਗੀ ਡੀਨ ਰਿਸਰਚ ਵਲੋਂ ਅਤੇ ਇਸ ਤੋਂ ਵੱਧ ਛੁੱਟੀ ਦੀ ਪ੍ਰਵਾਨਗੀ ਡੀਨ ਅਕਾਦਮਿਕ ਵਲੋਂ ਦਿੱਤੀ ਜਾਵੇਗੀ।

6. ਡਾ. ਡੀ.ਪੀ.ਸਿੰਘ, ਪ੍ਰੋਫੈਸਰ ਅਤੇ ਮੁਖੀ, ਸੋਸ਼ਲ ਵਰਕ ਵਿਭਾਗ ਵੱਲੋਂ ਪ੍ਰਾਪਤ ਪੱਤਰ ਕਿ ਯੂ.ਜੀ.ਸੀ. ਦੇ Minimum Standards and Procedure for award of M.Phil/Ph.D Regulations 2009 ਅਨੁਸਾਰ ਅਸਿਸਟੈਂਟ ਪ੍ਰੋਫੈਸਰ ਤੋਂ ਪ੍ਰਮੋਟ ਹੋਣ ਵਾਲੇ ਐਸੋਸੀਏਟ ਪ੍ਰਫੈਸਰ ਨੂੰ ਪੀਐਚ.ਡੀ. ਦਾ ਥੀਸਿਸ ਮੁਲਾਂਕਣ ਕਰਨ ਦੀ ਆਗਿਆ ਦਿੱਤੀ ਜਾਵੇ, ਨੂੰ ਕਮੇਟੀ ਵੱਲੋਂ ਪ੍ਰਵਾਨਗੀ ਨਹੀਂ ਦਿੱਤੀ ਗਈ।

ਮੁਖੀ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਵਿਭਾਗੀ ਰਿਸਰਚ ਬੋਰਡ ਦੀ ਇਕੱਤਰਤਾ ਮਿਤੀ 9.11.2013 ਵਿੱਚ ਕੁਝ ਮੁੱਦਿਆਂ ਸਬੰਧੀ ਦਿੱਤੇ ਗਏ ਸੁਝਾਅ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-

ਪੀਐਚ.ਡੀ. ਥੀਸਿਜ਼ ਵਿਚ ਰਿਸਰਚ ਦਾ ਗਿਆਨ ਵਧਾਉਣ ਲਈ Plagrism ਨੂੰ ਚੈਕ ਕਰਨ ਲਈ ਜਰੂਰੀ ਕਦਮ ਚੁੱਕਣ ਦਾ ਫੈਸਲਾ ਸਰਵ-ਸੰਮਤੀ ਨਾਲ ਲਿਆ ਗਿਆ। ਉਪਰੋਕਤ ਮੰਤਵ ਲਈ ਲੋੜੀਂਦੇ ਸਾਫਟਵੇਅਰ ਨੂੰ ਹਾਸਲ ਅਤੇ ਲਾਗੂ ਕਰਨ ਲਈ ਡੀਨ ਰਿਸਰਚ ਦੀ ਦੇਖਰੇਖ ਅੰਦਰ ਅਗਲੇਰੀ ਕਾਰਵਾਈ ਕਰਨ ਦਾ ਫੈਸਲਾ ਲਿਆ ਗਿਆ।

8. 60 ਸਾਲ ਤੋਂ ਵੱਧ ਉਮਰ ਵਾਲੇ ਸੀਨੀਅਰ ਸਿਟੀਜਨ ਅਤੇ NRI ਉਮੀਦਵਾਰਾਂ ਨੂੰ ਪੀਐਚ.ਡੀ. ਦੇ ਐਂਟਰੈਂਸ ਟੈਸਟ ਤੋਂ ਛੋਟ ਦੇਣ ਦੀ ਸਿਫ਼ਾਰਿਸ਼ ਨਹੀਂ ਕੀਤੀ ਗਈ।

ਡੀਨ ਅਕਾਦਮਿਕ ਮਾਮਲੇ | ਡੀਨ ਰਿਸਰਚ | ਐਡੀਸ਼ਨਲ ਡੀਨ ਰਿਸਰਚ

ਡਾਇਰੈਕਟਰ, ਯੋਜਨਾ ਅਤੇ ਨਿਰੀਖਣ | ਰਜਿਸਟਰਾਰ

ਵਾਈਸ-ਚਾਂਸਲਰ ਸਾਹਿਬ 18-3-14